a2zpapers.com

1-12-17 (M)

**Exam. Code : 108101**
**Subject Code : 2592**

## BFA 1st Semester

## PUNJABI COMPULSORY

## Paper–VIII (i)

Time Allowed—3 Hours] [Maximum Marks—50

**ਨੋਟ :** ਸਾਰੇ ਪ੍ਰਸ਼ਨ ਜ਼ਰੂਰੀ ਹਨ।

1. ਹੇਠ ਲਿਖੇ ਨਿਬੰਧਾਂ ਵਿੱਚੋਂ ਕਿਸੇ **ਇੱਕ** ਦਾ ਵਿਸ਼ਾ-ਵਸਤੂ ਜਾਂ ਸਾਰ ਲਿਖੋ :
   (ੳ) ਪਹੀਆ ਪ੍ਰਦੂਸ਼ਣ
   (ਅ) ਏਡਜ਼ ਇੱਕ ਗੰਭੀਰ ਸੰਕਟ ਹੈ। 10
2. ਨਿਮਨ ਲਿਖਤ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਦਾ ਵਿਸ਼ਾ-ਵਸਤੂ ਜਾਂ ਸਾਰ ਲਿਖੋ :
   (ੳ) ਪੰਛੀ ਹੋ ਜਾਵਾਂ
   (ਅ) ਖਾਨਗਾਹੀ ਦੀਵਾ ਬਾਲਦੀਏ। 10
3. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਤੇ ਪੈਰ੍ਹਾ ਰਚਨਾ ਲਿਖੋ :
   (ੳ) ਕੰਪਿਊਟਰ ਦੀ ਸਾਰਥਕਤਾ
   (ਅ) ਅਨੁਸ਼ਾਸਨ
   (ੲ) ਬਜ਼ੁਰਗਾਂ ਦੀ ਸੰਭਾਲ। 5
4. ਪੈਰ੍ਹਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :
   ਇੱਕ ਚੰਗੇ ਨਾਗਰਿਕ ਨੇ ਆਪਣੇ ਸਮਾਜ, ਦੇਸ਼ ਤੇ ਮਨੁੱਖਤਾ ਲਈ ਫ਼ਰਜ਼ ਪੂਰੇ ਕਰਨੇ ਹਨ। ਇਹ ਫ਼ਰਜ਼ ਤਾਂ ਹੀ ਉਹ ਠੀਕ ਤਰ੍ਹਾਂ ਨਿਭਾ ਸਕਦਾ ਹੈ ਜੇ ਉਹ ਪਹਿਲਾਂ ਸਰੀਰਕ, ਬੌਧਿਕ ਤੇ <u>ਸਦਾਚਾਰਕ</u> ਤੌਰ ਤੇ ਆਪਣੇ ਆਪ ਨੂੰ ਹਰ ਤਰ੍ਹਾਂ ਯੋਗ ਬਣਾਵੇ। ਰੋਗੀ ਮਨੁੱਖ ਨਾ ਕੇਵਲ ਆਪਣੇ ਪਰਿਵਾਰ ਜਾਂ ਸਮਾਜ ਦੀ ਕੋਈ ਵੀ ਸੇਵਾ ਨਹੀਂ ਕਰ ਸਕਦਾ ਸਗੋਂ ਉਹ ਆਪਣੇ ਆਪ ਤੇ ਵੀ ਬੋਝ ਹੁੰਦਾ ਹੈ।



www.a2zpapers.com www.a2zpapers.com
ad free old Question papers gndu, ptu hp board, punjab

a2zpapers.com

ਵਿਦਿਆ-ਹੀਣ ਚੰਗਿਆਈ, ਕੁਰਬਾਨੀ ਜਾਂ ਸੇਵਾ-ਭਾਵ ਦੀ ਉਮੀਦ ਨਾ ਕਰਦਾ ਹੋਇਆ ਆਪਣੇ ਸਰੀਰ ਨੂੰ ਰਿਸ਼ਟ-ਪੁਸ਼ਟ ਤੇ ਸਵਸਥ ਰੱਖੇ, ਪੜ੍ਹ ਲਿਖ ਕੇ ਬੁੱਧੀਮਾਨ ਬਣੇ ਅਤੇ ਮਿੱਠਤ, ਨਿਮਰਤਾ, ਬਰਦਾਸ਼ਤ, ਨਿਡਰਤਾ ਤੇ ਸੇਵਾ ਭਾਵ ਆਦਿ ਸਦਾਚਾਰਕ ਗੁਣ ਗ੍ਰਹਿਣ ਕਰੇ।

ਉਪਰਲੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

(ੳ) ਚੰਗੇ ਨਾਗਰਿਕ ਵਿੱਚ ਕਿਹੜੇ-ਕਿਹੜੇ ਗੁਣ ਹੋਣੇ ਚਾਹੀਦੇ ਹਨ ?

(ਅ) ਚੰਗਾ ਨਾਗਰਿਕ ਠੀਕ ਤਰ੍ਹਾਂ ਫ਼ਰਜ਼ ਕਦੋਂ ਨਿਭਾ ਸਕਦਾ ਹੈ ?

(ੲ) ਨੀਵੇਂ ਆਚਰਣ ਵਾਲੇ ਵਿਅਕਤੀ ਕੋਲੋਂ ਕੀ ਉਮੀਦ ਨਹੀਂ ਰੱਖਣੀ ਚਾਹੀਦੀ ?

(ਸ) ਲਕੀਰੇ ਸ਼ਬਦਾਂ ਦੇ ਅਰਥ ਲਿਖੋ। 5

5. ਉਚਾਰਣ ਪ੍ਰਣਾਲੀ ਨਾਲ ਸੰਬੰਧਿਤ ਉਚਾਰਣ ਅੰਗਾਂ ਦਾ ਵੇਰਵਾ ਦਿਉ।

**ਜਾਂ**

ਉਪ-ਭਾਸ਼ਾ ਕੀ ਹੁੰਦੀ ਹੈ ? ਭਾਸ਼ਾ ਤੇ ਉਪ-ਭਾਸ਼ਾ ਦਾ ਕੀ ਸੰਬੰਧ ਹੈ ? 10

6. ਕੋਈ **ਦੋ** ਪ੍ਰਸ਼ਨ ਕਰੋ :

(ੳ) ਭਾਸ਼ਾ ਦੇ ਅਧਿਐਨ ਅਤੇ ਅਧਿਆਪਨ ਦੀ ਲੋੜ ਦੇ ਪੱਧਰਾਂ ਬਾਰੇ ਲਿਖੋ।

(ਅ) ਮਾਤ ਭਾਸ਼ਾ ਨੂੰ ਪਹਿਲੀ ਭਾਸ਼ਾ ਦੇ ਤੌਰ ਤੇ ਕਿਉਂ ਪੜ੍ਹਾਇਆ ਜਾਂਦਾ ਹੈ ?

(ੲ) ਦੂਜੀ ਭਾਸ਼ਾ ਦੀ ਪਰਿਭਾਸ਼ਾ ਦਿਉ।

(ਸ) ਦੂਜੀ ਭਾਸ਼ਾ ਦੇ ਤੌਰ ਤੇ ਅਧਿਆਪਨ ਦੇ ਮਹੱਤਵ ਬਾਰੇ ਲਿਖੋ। 5×2=10



www.a2zpapers.com www.a2zpapers.com
ad free old Question papers gndu, ptu hp board, punjab